# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ. 362 /ਸੀ.ਓ.ਈ.
ਮਿਤੀ 20/01/2022

## ਜ਼ਰੂਰੀ ਸੂਚਨਾ

ਕੰਟਰੋਲਰ ਦਫ਼ਤਰ ਪਹਿਲਾਂ ਜਾਰੀ ਕੀਤੇ ਗਏ ਪੱਤਰ ਨੰ. 258/ਸੀ.ਓ.ਈ. ਮਿਤੀ 14.01.2022 ਦੀ ਲਗਾਤਾਰਤਾ ਦੇ ਸਬੰਧ ਵਿੱਚ ਹੈ।

**ਗੋਲਡਨ ਚਾਂਸ ਵਿਦਿਆਰਥੀਆਂ ਲਈ (ਜਿਹਨਾਂ ਵਿਦਿਆਰਥੀਆਂ ਦੁਆਰਾ 40000/-+ ਪ੍ਰੀਖਿਆ ਫ਼ੀਸ ਅਤੇ ਕੁਆਲੀਫਾਇੰਗ ਪੇਪਰ ਡਰੱਗ ਐਬਿਊਜ਼, ਇੰਨਵਾਰਮੈਂਟ 2500/-+ ਪ੍ਰੀਖਿਆ ਫ਼ੀਸ ਨਾਲ ਫਾਰਮ ਪ੍ਰੀਖਿਆ ਸ਼ਾਖਾ ਵਿਖੇ ਦਸ਼ਤੀ ਜਮ੍ਹਾਂ ਕਰਵਾਇਆ ਗਏ ਸਨ।)**

1. ਪ੍ਰੀਖਿਆਵਾਂ ਲਈ ਡੇਟ-ਸ਼ੀਟਾਂ ਯੂਨੀਵਰਸਿਟੀ ਦੀ ਵੈਬਸਾਈਟ ਤੇ ਅਪਲੋਡ ਕੀਤੀਆਂ ਜਾ ਰਹੀਆਂ ਹਨ। ਕੁਝ ਤਕਨੀਕੀ ਕਾਰਨਾਂ ਕਰਕੇ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਜਾਂ ਚਲ ਰਹੀਆਂ ਪ੍ਰੀਖਿਆਵਾਂ ਦੌਰਾਨ ਡੇਟ-ਸ਼ੀਟਾਂ ਰੀਵਾਇਜ਼ ਕੀਤੀਆਂ ਜਾ ਸਕਦੀਆਂ ਹਨ। ਇਸ ਲਈ ਉਪਰੋਕਤ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਦ ਤੱਕ ਉਨਾਂ ਦੀਆਂ ਪ੍ਰੀਖਿਆਵਾਂ ਖਤਮ ਨਹੀਂ ਹੋ ਜਾਂਦੀਆਂ ਤਦ ਤੱਕ ਡੇਟ-ਸ਼ੀਟਾਂ ਯੂਨੀਵਰਸਿਟੀ ਵੈਬਸਾਈਟ ਤੇ ਚੈਕ ਕਰਦੇ ਰਹਿਣ।

2. ਪ੍ਰੀਖਿਆਵਾਂ ਸਬੰਧੀ ਸਮੇਂ-ਸਮੇਂ ਜਾਰੀ ਗਾਈਡਲਾਈਨਜ਼ ਲਈ ਉਪਰੋਕਤ ਵਿਦਿਆਰਥੀ ਯੂਨੀਵਰਸਿਟੀ ਦੀ ਵੈਬਸਾਈਟ ਨੂੰ ਚੈੱਕ ਕਰਦੇ ਰਹਿਣ।

3.. ਪੇਪਰ ਹੱਲ ਕਰਨ ਤੋਂ ਬਾਅਦ **(ਉਪਰੋਕਤ ਵਿਦਿਆਰਥੀ ਲਈ)** ਉਮੀਦਵਾਰ ਉਸੇ ਦਿਨ ਹੀ ਆਪਣੀ ਉੱਤਰ-ਕਾਪੀ ਸਪੀਡ ਪੋਸਟ ਜਾਂ ਰਜਿਸਟਰਡ ਡਾਕ ਰਾਹੀਂ **ਸਹਾਇਕ ਰਜਿਸਟਰਾਰ, ਸੀਕਰੇਸੀ ਬ੍ਰਾਂਚ, ਪ੍ਰੀਖਿਆ ਸ਼ਾਖਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 147002** ਨੂੰ ਭੇਜਣਗੇ। ਜੇਕਰ ਪ੍ਰੀਖਿਆ ਸ਼ਾਮ ਦੇ ਸੈਸ਼ਨ ਵਿੱਚ ਹੋ ਰਹੀ ਹੈ ਜਾਂ ਪ੍ਰੀਖਿਆ ਵਾਲੇ ਦਿਨ ਡਾਕ ਘਰ ਬੰਦ ਹੈ ਤਾਂ ਵਿਦਿਆਰਥੀ ਆਪਣੀ ਉੱਤਰ-ਕਾਪੀ ਅਗਲੇ ਇੱਕ ਕਾਰਜਕਾਰੀ ਦਿਨ ਵਿੱਚ ਉਪਰੋਕਤ ਪਤੇ ਤੇ ਭੇਜ ਸਕਦਾ ਹੈ।ਵਿਦਿਆਰਥੀ ਆਪਣੀ ਉੱਤਰ-ਕਾਪੀ ਸੀਕਰੇਸੀ ਬ੍ਰਾਂਚ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਦਸਤੀ ਵੀ ਉਕਤ ਸਮੇਂ ਅਨੁਸਾਰ ਜਮ੍ਹਾਂ ਕਰਵਾ ਸਕਦਾ ਹੈ।ਇਸ ਤੋਂ ਇਲਾਵਾ ਹੋਰ ਕਿਸੇ ਢੰਗ ਨਾਲ ਜਾਂ ਉਕਤ ਸਮੇਂ ਤੋਂ ਬਾਅਦ ਭੇਜੀ ਗਈ ਉੱਤਰ-ਕਾਪੀ ਦਾ ਮੁਲਾਂਕਣ ਨਹੀਂ ਕਰਵਾਇਆ ਜਾਵੇਗਾ।

**4.** **ਉਪਰੋਕਤ ਵਿਦਿਆਰਥੀ** ਆਪਣੇ ਪ੍ਰਸ਼ਨ-ਪੱਤਰ ਡੇਟ-ਸ਼ੀਟ ਅਨੁਸਾਰ http://papers.pupexamination.ac.in ਲਿੰਕ ਨੂੰ ਕਲਿੱਕ ਕਰਕੇ ਡਾਊਨਲੋਡ ਕਰਨਗੇ। ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੇਪਰ ਡਾਊਨਲੋਡ ਕਰਨ ਸਮੇਂ ਪੇਪਰ ਕੋਡ ਜੋ ਕਿ ਡੇਟ-ਸ਼ੀਟ ਉੱਪਰ ਦਰਸਾਈਆਂ ਗਿਆ ਹੈ ਅਨੁਸਾਰ ਪੇਪਰ ਡਾਊਨਲੋਡ ਕਰਨ। **ਡੇਟ-ਸ਼ੀਟਾਂ ਵਿੱਚ ਇੱਕੋ ਨਾਮ ਵਾਲੇ ਪੇਪਰ ਹੋ ਸਕਦੇ ਹਨ ਪਰ ਉਨਾਂ ਦਾ ਕੋਡ ਵੱਖ-ਵੱਖ ਹੋਵੇਗਾ।**

20/1/22

**ਕੰਟਰੋਲਰ (ਪ੍ਰੀਖਿਆਵਾਂ)**

Scanned with CamScan